# ਡਾਇਰੈਕਟਰ ਜਨਰਲ ਸਕੂਲ ਸਿੱਖਿਆ
# ਪੰਜਾਬ ਆਈ.ਸੀ.ਟੀ ਸਿੱਖਿਆ ਸੋਸਾਇਟੀ (ਪਿਕਟਸ)

**ਐਸ.ਸੀ ਓ ਨੰ.162-164, ਦੂਜੀ ਮੰਜ਼ਿਲ, ਸੈਕਟਰ-34/A, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿ)
ਸਮੂਹ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐ.ਸਿ)
ਸਮੂਹ ਬੀ.ਪੀ.ਈ.ਓਜ਼
ਸਮੂਹ ਸਕੂਲ ਮੁਖੀ।

ਪੱਤਰ ਨੰ. 7/166-08/3 ਸਿ.7-TTMS/R001627
ਮਿਤੀ: 04.03.2011

ਵਿਸ਼ਾ :- **ਟੀਚਰ ਟਰਾਂਸਫਰ ਸਾਫਟਵੇਅਰ ਲਈ ਸਕੂਲ ਪੱਧਰ ਤੇ ਟੀਚਰਾਂ ਦੇ ਡਾਟਾ ਦੀ ਸੋਧ ਅਤੇ ਬਕਾਇਆ ਟੀਚਰਾਂ ਦਾ ਡਾਟਾ ਭਰਨ ਬਾਰੇ।**

1. ਇਸ ਦਫਤਰ ਦੇ ਹੇਠ ਲਿਖੇ ਪੱਤਰਾਂ ਵੱਲ ਧਿਆਨ ਦੇਣ ਦੀ ਖੇਚਲ ਕਰੋ ਜੀ :-

(a) 7/166-08/3 ਸਿ.7-TTMS/372-13/37562 ਮਿਤੀ 15.09.2009
(b) 7/166-08/3 ਸਿ.7-TTMS/372-13 ਮਿਤੀ 05.05.2009
(c) 7/166-08/3 ਸਿ.7-TTMS/37254-293 ਮਿਤੀ 15.05.2010

2. ਜ਼ਿਲ੍ਹਾ ਸਿੱਖਿਆ ਅਧਿਕਾਰੀਆਂ (ਸੈ.ਸਿ) ਵੱਲੋ ਇਸ ਦਫਤਰ ਨੂੰ ਦਿੱਤੀ ਜਾਣਕਾਰੀ ਮੁਤਾਬਿਕ, ਰਾਜ ਦੇ ਸਾਰੇ ਪ੍ਰਾਇਮਰੀ ਅਤੇ ਸੈਕੰਡਰੀ ਟੀਚਰਾਂ ਦੇ ਡਾਟਾ ਦੀ ਡਾਟਾ ਐਂਟਰੀ ਕੀਤੀ ਜਾ ਚੁੱਕੀ ਹੈ, ਪਰ ਇਹ ਵੇਖਿਆ ਗਿਆ ਹੈ ਕਿ ਟੀਚਰਾਂ ਦੇ ਡਾਟਾ ਵਿੱਚ ਕਾਫੀ ਗਲਤੀਆਂ ਹਨ ਜਾਂ ਡਾਟਾ ਪੂਰੀ ਤਰ੍ਹਾਂ ਨਹੀਂ ਭਰਿਆ ਗਿਆ ਹੈ। ਇਸ ਤੋਂ ਇਲਾਵਾ, ਕੁੱਝ ਟੀਚਰ ਇਹੋ ਜਿਹੇ ਵੀ ਹਨ ਜਿਹਨਾਂ ਦੀ ਡਾਟਾ ਐਂਟਰੀ ਅਜੇ ਤੱਕ ਨਹੀਂ ਹੋਈ ਹੈ।

3. ਸਾਰੇ ਡਾਟਾ ਬੇਸ ਨੂੰ ਪੂਰੀ ਤਰ੍ਹਾਂ ਮੁਕੰਮਲ ਅਤੇ ਗਲਤੀ-ਰਹਿਤ ਕਰਨ ਖਾਤਰ ਹਰ ਇੱਕ ਸਕੂਲ ਲਈ User-ID ਅਤੇ Password ਦਿੱਤਾ ਜਾ ਰਿਹਾ ਹੈ। ਇਸ User-ID ਅਤੇ Password ਦਾ ਇਸਤੇਮਾਲ ਕਰਕੇ ਹਰੇਕ ਸਕੂਲ ਵਿੱਚ ਤਾਇਨਾਤ ਸਟਾਫ ਅਤੇ ਸਕੂਲ ਦਾ ਡਾਟਾ access ਕੀਤਾ ਜਾ ਸਕਦਾ ਹੈ ਅਤੇ ਡਾਟਾ ਵਿੱਚ ਸੋਧ ਅਤੇ ਹੋਰ ਟੀਚਰਾਂ ਦਾ ਡਾਟਾ ਪਾਇਆ ਜਾ ਸਕਦਾ ਹੈ। ਸਕੂਲ ਮੁਖੀ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਯਕੀਨੀ ਬਣਾਵੇ ਕਿ ਸਕੂਲ ਵਿੱਚ ਤਾਇਨਾਤ ਸਾਰੇ ਟੀਚਰਾਂ ਦਾ ਡਾਟਾ ਐਂਟਰ ਕਰ ਦਿੱਤਾ ਗਿਆ ਹੈ ਅਤੇ ਇਹ ਡਾਟਾ ਬਿਲਕੁਲ ਠੀਕ ਅਤੇ ਗਲਤੀ-ਰਹਿਤ ਹੈ। ਡਾਟਾ ਦਾ ਠੀਕ ਹੋਣਾ ਟੀਚਰ ਦੀ ਸਰਵਿਸ ਬੁੱਕ ਦੇ ਆਧਾਰ ਤੇ ਚੈਕ ਕੀਤਾ ਜਾਵੇਗਾ। ਪ੍ਰਾਇਮਰੀ ਸਕੂਲਾਂ ਦੇ ਟੀਚਰਾਂ ਦੀਆਂ ਸਰਵਿਸ ਬੁੱਕ BPEOs ਕੋਲ ਉਪਲੱਬਧ ਹਨ। ਇਹਨਾਂ ਟੀਚਰਾਂ ਦੇ ਡਾਟਾ ਦੀ ਪੂਰੀ ਤਰ੍ਹਾਂ ਠੀਕ-ਠਾਕ ਹੋਣ ਦੀ ਜ਼ਿਮੇਵਾਰੀ BPEOs ਅਤੇ ਸਕੂਲ ਮੁਖੀ ਦੋਵਾਂ ਦੀ ਹੋਵੇਗੀ। ਬਾਕੀ ਟੀਚਰਾਂ ਦੀਆਂ

ਸਰਵਿਸ ਬੁੱਕ ਸਕੂਲ ਮੁਖੀ/ DDOs ਕੋਲ ਹਨ ਅਤੇ ਇਹਨਾਂ ਦੇ ਡਾਟਾ ਦੇ ਠੀਕ-ਠਾਕ ਹੋਣ ਦੀ ਜ਼ਿੰਮੇਵਾਰੀ ਸਕੂਲ ਮੁਖੀ ਅਤੇ DDO ਦੀ ਹੋਵੇਗੀ।

4. ਇਹ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲਾਂ ਨੂੰ ਦਿੱਤਾ ਗਿਆ Password ਸਕੂਲ ਮੁਖੀ ਤੁਰੰਤ ਬਦਲੀ ਕਰ ਲੈਣ ਤਾਂ ਜੋ Password ਦੀ Secracy ਬਣੀ ਰਹੇ। Password ਨੂੰ ਪੂਰੀ ਤਰ੍ਹਾਂ Safe ਅਤੇ Secret ਰੱਖਣ ਦੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ ਤਾਂ ਕਿ ਕੋਈ ਅਣ-ਅਧਿਕਾਰਤ ਵਿਅਕਤੀ ਇਸਦਾ ਗਲਤ ਇਸਤੇਮਾਲ ਨਾ ਕਰ ਸਕੇ।

5. ਡਾਟਾ ਐਂਟਰੀ ਕਰਨ ਲਈ ICT ਸਕੂਲਾਂ ਨਾਲ ਪ੍ਰਾਇਮਰੀ ਅਤੇ Non-ICT ਸਕੂਲ ਜੋੜੇ ਗਏ ਹਨ, ਜਿਸ ਦਾ ਵੇਰਵਾ ਜ਼ਿਲ੍ਹਾ ICT ਕੋਆਰਡੀਨੇਟਰਾਂ ਕੋਲ ਉਪਲਬਧ ਹੈ। ਇਹਨਾਂ ਪ੍ਰਾਇਮਰੀ ਅਤੇ Non-ICT ਸਕੂਲ ਦੀ ਡਾਟਾ ਐਂਟਰੀ ਨਿਰਧਾਰਤ ICT ਸਕੂਲਾਂ ਤੋਂ ਹੋਵੇਗੀ। ਇਹਨਾਂ ਲਈ ਵੀ ਅਲੱਗ User-ID ਅਤੇ Password ਜਾਰੀ ਕੀਤਾ ਗਿਆ ਹੈ। ਇਹਨਾਂ ਸਕੂਲਾਂ ਨੂੰ ਜੋੜਨ ਬਾਰੇ ਜਾਣਕਾਰੀ ਦੇਣ ਦੀ ਜ਼ਿੰਮੇਵਾਰੀ ICT ਕੋਆਰਡੀਨੇਟਰਾਂ ਦੀ ਹੋਵੇਗੀ।

6. ਸਾਰੇ ਅਧਿਆਪਕ ਟੀ.ਟੀ.ਐਮ.ਐਸ ਦੀ ਵੈਬਸਾਈਟ punjabttms.org ਤੇ ਆਪਣਾ ਰਿਕਾਰਡ ਕਿਸੇ ਥਾਂ ਤੋਂ ਵੀ ਚੈਕ ਕਰ ਸਕਦੇ ਹਨ। ਹਰੇਕ ਟੀਚਰ ਦੀ ਇਹ ਨਿੱਜੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਆਪਣਾ ਰਿਕਾਰਡ ਚੈਕ ਕਰੇ ਅਤੇ ਜੇਕਰ ਇਸ ਵਿੱਚ ਕੋਈ ਤਰੁੱਟੀ ਹੋਵੇ ਤਾਂ ਉਹ ਸਕੂਲ ਮੁਖੀ ਰਾਹੀਂ ਇਸਨੂੰ ਠੀਕ ਕਰਵਾਏ। ਹਰੇਕ ਟੀਚਰ ਸਕੂਲ ਮੁਖੀ ਨੂੰ ਇੱਕ ਸਰਟੀਫਿਕੇਟ ਦੇਵੇਗਾ ਕਿ ਉਸਨੇ ਆਪਣਾ ਰਿਕਾਰਡ ਚੈਕ ਕਰ ਲਿਆ ਹੈ ਅਤੇ ਉਸ ਵਿੱਚ ਕੋਈ ਤਰੁੱਟੀ ਨਹੀਂ ਹੈ।

7. ਸਕੂਲ ਅਤੇ ਸਾਰੇ ਟੀਚਰਾਂ ਦਾ ਡਾਟਾ ਮੁਕੰਮਲ ਹੋਣ ਉਪਰੰਤ ਸਕੂਲ ਮੁਖੀ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿ) ਰਾਹੀਂ ਹੇਠ ਲਿਖੇ ਅਨੁਸਾਰ ਸਰਟੀਫਿਕੇਟ ਦੇਣਗੇ:-

**ਸਰਟੀਫਿਕੇਟ**

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਮੇਰੇ ਸਕੂਲ ------------- ਜ਼ਿਲ੍ਹਾ-----------) ਦੇ ਸਾਰੇ ਟੀਚਰਾਂ ਦੇ ਡਾਟਾ ਦੀ ਐਂਟਰੀ ਕਰ ਦਿੱਤੀ ਗਈ ਹੈ ਅਤੇ ਹਰੇਕ ਟੀਚਰ ਦਾ ਡਾਟਾ ਪੂਰੀ ਤਰ੍ਹਾਂ ਮੁਕੰਮਲ ਅਤੇ ਠੀਕ ਹੈ।

-------

ਸਕੂਲ ਮੁਖੀ ਦੇ ਹਸਤਾਖਰ
ਮੋਹਰ ਸਮੇਤ

8. ਉਕਤ ਸਾਰੀ ਕਾਰਵਾਈ 4 ਅਪ੍ਰੈਲ 2011 ਤੱਕ ਪੂਰੀ ਕੀਤੀ ਜਾਵੇਗੀ।

**-ਸਹੀ-**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ ਆਈ.ਸੀ.ਟੀ ਸਿੱਖਿਆ ਸੋਸਾਇਟੀ**